BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਨੂੰ ਵਰਲਡ ਚੈਂਪੀਅਨਾਂ ਦੇ ਤੌਰ ਤੇ ਮਾਨਤਾ ਦਿੱਤੀ ਗਈ

***ਬ੍ਰੈਂਪਟਨ ਫਾਇਰ ਨੇ ਅਲਬਾਮਾ ਵਿੱਚ ਅੰਤਰਰਾਸ਼ਟਰੀ ਮੁਕਾਬਲੇ ਵਿੱਚ ਕਈ ਪਹਿਲੇ ਦਰਜੇ ਦੇ ਖਿਤਾਬ ਜਿੱਤੇ***

ਬ੍ਰੈਂਪਟਨ, ਓਨਟੈਰੀਓ (5 ਫਰਵਰੀ, 2020) – ਅੱਜ ਦੀ ਸਿਟੀ ਕਾਉਂਸਿਲ (City Council) ਦੀ ਮੀਟਿੰਗ ਵਿੱਚ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services) ਦੇ ਮੈਂਬਰਾਂ ਨੂੰ, ਫਾਇਰਫਾਈਟਰ ਕੋਮਬੈਟ ਚੈਲੇਂਜ ਵਰਲਡ ਕੰਪੀਟੀਸ਼ੀਨ (Firefighter Combat Challenge World Competition) ਵਿੱਚ ਉਹਨਾਂ ਦੀ ਸ਼ਾਨਦਾਰ ਪਰਫੌਰਮੈਂਸ ਲਈ ਮਾਨਤਾ ਦਿੱਤੀ ਗਈ।

ਪੂਰਵ ਵਰਲਡ ਚੈਂਪੀਅਨ ਅਤੇ ਡਿਸਟ੍ਰਿਕਟ ਚੀਫ – ਪੀਟਰ ਰੀਡ (Peter Reid) ਦੀ ਅਗਵਾਈ ਵਿੱਚ – ਬ੍ਰੈਂਪਟਨ ਦੀ ਟੀਮ ਵਿੱਚ ਪੰਜ ਬ੍ਰੈਂਪਟਨ ਫਾਇਰਫਾਈਟਰ ਸਨ; ਕੈਟੀ ਰੋਸ (Katie Ross), ਡੈਨ ਪਾਲਮਰ (Dan Palmer), ਐਂਥਨੀ ਬੁਰਚ (Anthony Burch), ਰਾਇਨ ਡੋਸਮੈਨ (Ryan Dosman) ਅਤੇ ਇਆਨ ਪ੍ਰਿੰਗਲ (Ian Pringle), ਜਿਹਨਾਂ ਨੇ ਕਈ ਵਿਅਕਤੀਗਤ ਅਤੇ ਟੀਮ ਵਾਲੇ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਸੁਰੱਖਿਅਤ ਕੀਤਾ।

ਹਰ ਸਾਲ ਵਰਲਡ ਚੈਂਪੀਅਨ ਦਾ ਖਿਤਾਬ ਜਿੱਤਣ ਦੀ ਆਸ ਵਿੱਚ, ਉੱਤਰੀ ਅਮਰੀਕਾ, ਯੂਰੋਪ, ਆੱਸਟ੍ਰੇਲੀਆ ਅਤੇ ਮਿਡਲ ਈਸਟ ਤੋਂ ਪ੍ਰਤੀਯੋਗੀ, ਕਈ ਦਿਨਾਂ ਦੇ ਕਾਰਜਕਰਮਾਂ ਵਿੱਚ ਹਿੱਸਾ ਲੈਂਦੇ ਹਨ। 2019 ਦੀ ਚੈਂਪੀਅਨਸ਼ਿਪ (2019 Championship) ਅਕਤੂਬਰ 2019 ਵਿੱਚ ਅਲਬਾਮਾ ਦੇ ਮੋਨਗੋਮਰੀ (Montgomery, Alabama) ਵਿੱਚ ਹੋਈ ਸੀ।

ਵਰਲਡ ਚੈਂਪੀਅਨਸ਼ਿਪ ਤੋਂ ਪਹਿਲਾਂ, ਟੀਮ ਨੇ ਸਤੰਬਰ 2019 ਵਿੱਚ ਓਸ਼ਵਾ (Oshawa) ਵਿੱਚ ਨੈਸ਼ਨਲ ਫਾਇਰਫਿੱਟ (National FireFit) ਮੁਕਾਬਲੇ ਵਿੱਚ ਵੀ ਕਈ ਖਿਤਾਬ ਜਿੱਤੇ ਸਨ।

ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਦਾ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਸਫਲਤਾ ਦਾ ਲੰਮਾ ਇਤਿਹਾਸ ਰਿਹਾ ਹੈ। 2020 ਲਈ ਟ੍ਰੇਨਿੰਗ ਯੋਜਨਾਵਾਂ ਪਹਿਲਾਂ ਹੀ ਜਾਰੀ ਹਨ। ਟੀਮ, ਬ੍ਰੈਂਪਟਨ ਫਾਇਰ (Brampton Fire) ਟੀਮ ਵਿੱਚੋਂ ਨਵੇਂ ਮੈਂਬਰਾਂ ਦੀ ਭਰਤੀ ਕਰਨ ਅਤੇ ਪਿਛਲੇ ਸਾਲ ਦੀ ਸਫਲਤਾ ਨੂੰ ਦੁਹਰਾਉਣ ਲਈ ਉਤਸ਼ਾਹਿਤ ਹੈ।

**ਝਲਕੀਆਂ**

- ਕੈਟੀ ਰੋਸ ਨੇ ਫੀਮੇਲ ਇਨਡਿਵਿਜੁਅਲ (Female Individual) ਸ਼੍ਰੇਣੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ।
- ਡੈਨੀ ਪਾਲਮਰ ਅਤੇ ਕੈਟੀ ਰੋਸ ਨੇ ਕੋਇਡ ਟੈਂਡਮ (Coed Tandem) ਸ਼੍ਰੇਣੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ।
- ਕੈਟੀ ਰੋਸ ਅਤੇ ਏਲੀਸਾ ਕਾਰਵੇਲੋ (Elissa Carvello) (ਵੌਂਨ) ਨੇ ਫੀਮੇਲ ਟੈਂਡਮ (Female Tandem) ਸ਼੍ਰੇਣੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ।
- ਕੈਟੀ ਰੋਸ, ਏਲੀਸਾ ਕਾਰਵੇਲੋ (ਵੌਂਨ) ਅਤੇ ਕੇਲਟੀ ਮੇ ਨਿਕੋਲ (Kelti May Nicol) (ਅਲਬਰਟਾ) ਨੇ ਫੀਮੇਲ ਟੀਮ ਰਿਲੇ (Female Team Relay) ਸ਼੍ਰੇਣੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ।

- ਇਆਨ ਪ੍ਰਿੰਗਲ, ਡੈਨੀ ਪਾਲਮਰ ਅਤੇ ਰਾਇਨ ਡੋਸਮੈਨ ਨੇ ਇਨਡਿਵਿਜੁਅਲ ਟੀਮ (Individual Team) ਸ਼੍ਰੇਣੀ ਵਿੱਚ ਛੇਵਾਂ ਸਥਾਨ ਹਾਸਲ ਕੀਤਾ।
- ਇਆਨ ਪ੍ਰਿੰਗਲ ਅਤੇ ਡੈਨੀ ਪਾਲਮਰ ਨੇ ਮੇਨਸ ਟੈਂਡਮ (Men's Tandem) ਸ਼੍ਰੇਣੀ ਵਿੱਚ ਨੌਵਾਂ ਸਥਾਨ ਹਾਸਲ ਕੀਤਾ।

**ਹਵਾਲੇ**

"ਇਹ ਉਪਲਬਧੀਆਂ ਉਸ ਮੇਹਨਤ ਅਤੇ ਟ੍ਰੇਨਿੰਗ ਦੀਆਂ ਸ਼ਾਨਦਾਰ ਗਵਾਹ ਹਨ, ਜੋ ਸਾਡੀ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਟੀਮ ਰੋਜ਼ਾਨਾ ਕਰਦੀ ਹੈ। ਅਸੀਂ ਸਾਡੇ ਫਾਇਰਫਾਈਟਰਾਂ ਦੀ ਉੱਤਮਤਾ ਦੇ ਪ੍ਰਤੀ ਵਚਨਬੱਧਤਾ ਲਈ ਉਹਨਾਂ ਦਾ ਧੰਨਵਾਦ ਕਰਦੇ ਹਾਂ ਅਤੇ 2020 ਵਿੱਚ ਉਹਨਾਂ ਦੀ ਹੌਸਲਾ ਅਫ਼ਜਾਈ ਕਰਨ ਲਈ ਉਤਸ਼ਾਹਿਤ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਇਹ ਦੂਜਾ ਉਦਾਹਰਨ ਹੈ ਕਿ ਸਾਡੀ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਕਿਸ ਤਰ੍ਹਾਂ, ਇੰਡਸਟਰੀ ਵਿੱਚ ਸਰਬੋਤਮ ਲੀਡਰ ਹੈ। ਬ੍ਰੈਂਪਟਨ ਵਾਸੀਆਂ ਨੂੰ ਮਾਣ ਮਹਿਸੂਸ ਕਰਾਉਣ ਵਾਸਤੇ ਤੁਹਾਡਾ ਧੰਨਵਾਦ। ਟੀਮ ਨੂੰ ਵਧਾਈ ਹੋਵੇ!"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ ਅਤੇ ਚੇਅਰ, ਕਮਿਉਨਿਟੀ ਸਰਵਿਸਿਜ*

"ਇਹ ਇੱਕ ਸ਼ਾਨਦਾਰ ਜਿੱਤ ਹੈ, ਜਿਸ ਵਿੱਚ ਔਖੀ ਟ੍ਰੇਨਿੰਗ, ਅਭਿਆਸ, ਵਚਨਬੱਧਤਾ ਅਤੇ ਹਾਸਲ ਕਰਨ ਦੇ ਪ੍ਰਤੀ ਸਮਰਪਣ ਲੋੜੀਂਦਾ ਹੈ। ਮੈਨੂੰ ਇਹਨਾਂ ਮੁਕਾਬਲਿਆਂ ਵਿੱਚ ਸਾਡੀ ਟੀਮ ਦੀਆਂ ਸ਼ਾਨਦਾਰ ਉਪਲਬਧੀਆਂ ਅਤੇ ਮਹਿਕਮੇ ਸਬੰਧੀ ਸਫਲਤਾ ਦੇ ਲੰਮੇ ਇਤਿਹਾਸ ਤੇ ਮਾਣ ਹੈ।"

- *ਬਿਲ ਬੋਇਸ (Bill Boyes), ਫਾਇਰ ਚੀਫ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca